# ਪ੍ਰੈਸ ਨੋਟ
# 15.01.2024

## ਬਠਿੰਡਾ ਪੁਲਿਸ ਵੱਲੋਂ 2 ਵਿਅਕਤੀਆਂ ਨੂੰ 22 ਕੁਇੰਟਲ ਭੁੱਕੀ ਚੂਰਾ ਪੋਸਤ ਸਮੇਤ ਇੱਕ ਟਰੱਕ ਕੀਤਾ ਕਾਬੂ।

ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਗਈ ਮੁਹਿੰਮ ਤਹਿਤ ਮਾਣਯੋਗ ਸ਼੍ਰੀ ਗੌਰਵ ਯਾਦਵ ਆਈ.ਪੀ.ਐਸ, ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ਼੍ਰੀ ਹਰਮਨਬੀਰ ਸਿੰਘ ਗਿੱਲ, ਆਈ.ਪੀ.ਐਸ ਐਸ.ਐਸ.ਪੀ ਬਠਿੰਡਾ ਦੀ ਰਹਿਨੁਮਾਈ ਹੇਠ ਅਤੇ ਸ਼੍ਰੀ ਅਜੈ ਗਾਂਧੀ ਆਈ.ਪੀ.ਐਸ ਐਸ.ਪੀ ਡਿਟੈਕਟਿਵ ਬਠਿੰਡਾ ਦੀ ਨਿਗਰਾਨੀ ਵਿੱਚ ਨਸ਼ਿਆਂ ਦੇ ਖਾਤਮੇ ਅਤੇ ਸ਼ਰਾਰਤੀ ਅਨਸਰਾਂ ਤੇ ਨਜਰ ਰੱਖਣ ਲਈ ਸ਼ਹਿਰ ਦੇ ਵੱਖ-ਵੱਖ ਏਰੀਏ ਨੂੰ ਕਵਰ ਕਰਕੇ ਸ਼ੱਕੀ ਪੁਰਸ਼ਾਂ ਅਤੇ ਸ਼ੱਕੀ ਵਹੀਕਲਾਂ ਦੀ ਲਗਾਤਾਰ ਚੈਕਿੰਗ ਚੱਲਦੀਆਂ ਰਹਿੰਦੀਆਂ ਹਨ।ਸੀ.ਆਈ.ਏ. ਸਟਾਫ-2, ਬਠਿੰਡਾ ਨੂੰ ਉਸ ਸਮੇ ਸਫਲਤਾ ਮਿਲੀ ਜਦੋ ਮੁੱਖਬਰੀ ਦੇ ਅਧਾਰ ਤੇ ਰਿੰਗ ਰੋਡ ਬਠਿੰਡਾ ਪਰ ਇੱਕ ਟਰੱਕ ਦੀ ਸ਼ੱਕ ਦੀ ਬਿਨਾਹ ਪਰ ਚੈਕਿੰਗ ਕਰਨ ਉਪਰੰਤ 2 ਵਿਅਕਤੀਆਂ ਨੂੰ ਕਾਬੂ ਕਰਕੇ ਟਰੱਕ ਵਿੱਚੋਂ 110 ਗੱਟੇ ਭੁੱਕੀ ਚੂਰਾ ਪੋਸਤ ਕੁੱਲ 22 ਕੁਇੰਟਲ ਭੁੱਕੀ ਚੂਰਾ ਪੋਸਤ ਬਰਾਮਦ ਕਰਕੇ ਇੱਕ ਵੱਡੀ ਕਾਮਯਾਬੀ ਹਾਸਲ ਹੋਈ।

ਸ਼੍ਰੀ ਹਰਮਨਬੀਰ ਸਿੰਘ ਗਿੱਲ, ਆਈ.ਪੀ.ਐਸ ਐਸ.ਐਸ.ਪੀ ਬਠਿੰਡਾ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੀ.ਆਈ.ਏ ਸਟਾਫ-2 ਦੀ ਟੀਮ ਨੂੰ ਮੁਖਬਰੀ ਦੇ ਅਧਾਰ ਪਰ ਇੱਕ **ਟਰੱਕ ਨੰਬਰੀ ਪੀ.ਬੀ 10 ਜੀ.ਐਕਸ 9648 ਨੂੰ ਰਿੰਗ ਰੋਡ ਬਠਿੰਡਾ** ਪਰ ਮੌਜੂਦ ਪੁਲਿਸ ਪਾਰਟੀ ਵੱਲੋਂ ਚੈਕਿੰਗ ਦੌਰਾਨ **ਟਰੱਕ ਵਿੱਚੋਂ 110 ਗੱਟੇ ਭੁੱਕੀ ਚੂਰਾ ਪੋਸਤ ਜਿਹਨਾਂ ਦੀ ਕੁੱਲ ਮਾਤਰਾ 22 ਕੁਇੰਟਲ ਸੀ ਬਰਾਮਦ** ਕਰਕੇ ਤਿੰਨ ਦੋਸ਼ੀਆਨ ਸੁਖਦੇਵ ਸਿੰਘ ਪੁੱਤਰ ਜੀਤ ਸਿੰਘ ਪਿੰਡ ਰਾਉਕੇ ਕਲਾਂ ਜਿਲ੍ਹਾ ਮੋਗਾ, ਸੁਰਜੀਤ ਸਿੰਘ ਪੁੱਤਰ ਬਖਤੌਰ ਸਿੰਘ ਪਿੰਡ ਧੌਲਾਂ ਜਿਲ੍ਹਾ ਲੁਧਿਆਣਾ, ਤੋਤਾ ਸਿੰਘ ਪੁੱਤਰ ਪੂਰਨ ਸਿੰਘ ਪਿੰਡ ਰਾਉਕੇ ਕਲਾਂ ਜ਼ਿਲ੍ਹਾ ਮੋਗਾ ਖਿਲਾਫ **ਮੁੱਕਦਮਾ ਨੰਬਰ 10 ਮਿਤੀ 15.1.2024 ਅ/ਧ 15,29ਸੀ/61/85 ਐਨ.ਡੀ.ਪੀ.ਐਸ. ਐਕਟ ਥਾਣਾ ਕੈਨਾਲ ਕਲੋਨੀ ਬਠਿੰਡਾ ਤਹਿਤ ਦਰਜ ਰਜਿਸਟਰ ਕੀਤਾ ਗਿਆ।** ਦੋਸ਼ੀਆਨ ਸੁਖਦੇਵ ਸਿੰਘ ਪੁੱਤਰ ਜੀਤ ਸਿੰਘ ਪਿੰਡ ਰਾਉਕੇ ਕਲਾਂ ਜਿਲ੍ਹਾ ਮੋਗਾ ਅਤੇ ਸੁਰਜੀਤ ਸਿੰਘ ਪੁੱਤਰ ਬਖਤੌਰ ਸਿੰਘ ਪਿੰਡ ਧੌਲਾਂ ਜਿਲ੍ਹਾ ਲੁਧਿਆਣਾ ਜੋ ਕਿ ਕੋਟਾ ਸ਼ਹਿਰ (ਰਾਜਸਥਾਨ) ਤੋਂ ਇਹ ਭੁੱਕੀ ਚੂਰਾ ਪੋਸਤ ਲੈ ਕੇ ਆਏ ਸਨ ਅਤੇ ਤੋਤਾ ਸਿੰਘ ਪੁੱਤਰ ਪੂਰਨ ਸਿੰਘ ਪਿੰਡ ਰਾਉਕੇ ਕਲਾਂ ਜਿਲ੍ਹਾ ਮੋਗਾ (ਗ੍ਰਿਫਤਾਰੀ ਬਾਕੀ ਹੈ) ਨੂੰ ਇਹ ਭੁੱਕੀ ਚੂਰਾ ਪੋਸਤ ਦੇਣਾ ਸੀ।ਇਹ ਦੋਵੇ ਦੋਸ਼ੀ ਭੁੱਕੀ ਚੂਰਾ ਪੋਸਤ ਦੀ ਡਿਲਵਰੀ ਹੀ ਕਰਦੇ ਸਨ, ਇਹ ਪਹਿਲਾਂ ਵੀ ਤੋਤਾ ਸਿੰਘ ਦੇ 2 ਗੇੜੇ ਭੁੱਕੀ ਚੂਰਾ ਪੋਸਤ ਦੇ ਲਗਾਏ ਸਨ।ਤੋਤਾ ਸਿੰਘ ਰਾਜਸਥਾਨ ਵਿੱਚ ਭੁੱਕੀ ਮੰਗਵਾ ਕੇ ਅੱਗੇ ਪੰਜਾਬ ਵਿੱਚ ਵੱਖ-ਵੱਖ ਸਥਾਨਾਂ ਪਰ ਸਪਲਾਈ ਕਰਦਾ ਹੈ।ਤੋਤਾ ਸਿੰਘ ਪੁੱਤਰ ਪੂਰਨ ਸਿੰਘ ਨੂੰ ਜਲਦ ਹੀ ਗ੍ਰਿਫਤਾਰ ਕੀਤਾ ਜਾਵੇਗਾ।ਅੱਜ ਇਹਨਾਂ ਦੋਵਾਂ ਦੋਸ਼ੀਆਨ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ, ਦੌਰਾਨੇ ਪੁੱਛਗਿੱਛ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਗ੍ਰਿਫਤਾਰ**

1. ਸੁਖਦੇਵ ਸਿੰਘ ਪੁੱਤਰ ਜੀਤ ਸਿੰਘ ਪਿੰਡ ਰਾਉਕੇ ਕਲਾਂ ਜਿਲ੍ਹਾ ਮੋਗਾ ਉਮਰ 45 ਸਾਲ (ਡਰਾਈਵਰ)
2. ਸੁਰਜੀਤ ਸਿੰਘ ਪੁੱਤਰ ਬਖਤੌਰ ਸਿੰਘ ਪਿੰਡ ਧੌਲਾਂ ਜਿਲ੍ਹਾ ਲੁਧਿਆਣਾ ਉਮਰ 40 ਸਾਲ (ਡਰਾਈਵਰ)

**ਪਹਿਲਾਂ ਦਰਜ ਮੁਕੱਦਮੇ**

1. ਸੁਖਦੇਵ ਸਿੰਘ ਪੁੱਤਰ ਜੀਤ ਸਿੰਘ ਪਿੰਡ ਰਾਉਕੇ ਕਲਾਂ ਜਿਲ੍ਹਾ ਮੋਗਾ

   ਮੁਕੱਦਮਾ ਨੰਬਰ 136 ਮਿਤੀ 21/11/2014 ਅ/ਧ 21/61/85 ਐਨ.ਡੀ.ਪੀ.ਐਸ ਐਕਟ ਥਾਣਾ ਬੱਧਨੀ ਕਲ਼ਾਂ ਜਿਲ੍ਹਾ ਮੋਗਾ 2017 ਵਿੱਚ ਸਜਾ ਹੋਈ ਡੇਢ ਸਾਲ ਸਜਾ ਕੱਟਣ ਤੋਂ ਬਾਅਦ ਬਰਾਮਦਗੀ 100 ਗਰਾਮ ਹੈਰੋਇਨ ਜਿਸ ਵਿੱਚ 5 ਸਾਲ ਸਜਾ ਕੱਟਣ ਤੋਂ ਬਾਂਅਦ 2018 ਵਿੱਚ ਫਰੀਦਕੋਟ ਜੇਲ ਬਾਹਰ ਆਇਆ ਹੈ
2. ਸੁਰਜੀਤ ਸਿੰਘ ਪੁੱਤਰ ਬਖਤੌਰ ਸਿੰਘ ਪਿੰਡ ਧੌਲਾਂ ਜਿਲ੍ਹਾ ਲੁਧਿਆਣਾ

   ਮੁਕੱਦਮਾ ਨੰਬਰ 165/2022 ਅ/ਧ 323,331 ਆਈ.ਪੀ.ਸੀ ਥਾਣਾ ਸਦਰ ਜਗਰਾਓ ਜਿਲ੍ਹਾ ਲੁਧਿਆਣਾ

**ਬਰਾਮਦਗੀ**

**110 ਗੱਟੇ ਕੁੱਲ 22 ਕੁਇੰਟਲ ਭੁੱਕੀ ਚੂਰਾ ਪੋਸਤ, ਇੱਕ ਟਰੱਕ ਨੰਬਰੀ ਪੀ.ਬੀ 10 ਜੀ.ਐਕਸ 9648**